# ਰੋਜ਼ਗਾਰ-ਦਾਤਾਵਾਂ ਲਈ ਵਰਕਸੇਫ਼ਬੀ.ਸੀ. ਬਾਰੇ ਇੱਕ ਗਾਈਡ

## ਇਸ ਗਾਈਡ ਬਾਰੇ

ਇਹ ਗਾਈਡ ਰੋਜ਼ਗਾਰ-ਦਾਤਾਵਾਂ ਨੂੰ ਮਿਲ ਸਕਣ ਵਾਲੀਆਂ ਸੇਵਾਵਾਂ ਦਾ ਇੱਕ ਸਾਰ ਦੱਸਦੀ ਹੈ, ਜਿਸ ਵਿੱਚ ਇਹ ਜਾਣਕਾਰੀ ਵੀ ਸ਼ਾਮਲ ਹੈ ਕਿ ਆਪਣਾ ਨਾਮ ਕਿਵੇਂ ਦਰਜ ਕਰਾਉਣਾ ਹੈ, ਕਿਸੇ ਹਾਦਸੇ ਦੀ ਸੂਰਤ ਵਿੱਚ ਕੀ ਕਰਨਾ ਹੈ, ਅਤੇ ਰੋਜ਼ਗਾਰ ਲਈ ਇੱਕ ਸੁਰੱਖਿਅਤ ਅਤੇ ਤੰਦਰੁਸਤ ਜਗ੍ਹਾ ਯਕੀਨੀ ਬਣਾਉਣ ਸੰਬੰਧੀ ਤੁਹਾਡੀਆਂ ਕੀ ਜ਼ਿੰਮੇਵਾਰੀਆਂ ਹਨ। ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਵਧੇਰੇ ਜਾਣਕਾਰੀ ਕਿੱਥੋਂ ਹਾਸਲ ਕਰਨੀ ਹੈ।

## ਵਰਕਸੇਫ਼ਬੀ.ਸੀ. ਕੀ ਫਰਜ਼ ਅਦਾ ਕਰਦਾ ਹੈ?

ਵਰਕਸੇਫ਼ਬੀ.ਸੀ. ਰੋਜ਼ਗਾਰ ਨਾਲ ਸੰਬੰਧਤ ਸੱਟਾਂ ਅਤੇ ਹਾਦਸਿਆਂ ਦਾ ਖ਼ਰਚ ਝੱਲਣ ਵਾਲਾ ਬੀਮਾ ਮੁਹੱਈਆ ਕਰਦਾ ਹੈ।

ਜੇ ਤੁਸੀਂ ਕੋਈ ਅਜਿਹੇ ਰੋਜ਼ਗਾਰ-ਦਾਤਾ ਹੋ ਜਿਨ੍ਹਾਂ ਦਾ ਨਾਮ ਵਰਕਸੇਫ਼ਬੀ.ਸੀ. ਨਾਲ ਦਰਜ ਹੈ, ਤੁਸੀਂ ਪ੍ਰਣਾਲੀ ਦਾ ਖ਼ਰਚ ਝੱਲਣ ਵਾਲੀਆਂ ਕਿਸ਼ਤਾਂ ਦਿੰਦੇ ਹੋ। ਬਦਲੇ ਵਿੱਚ ਰੋਜ਼ਗਾਰ ਨਾਲ ਸੰਬੰਧਤ ਸੱਟਾਂ-ਫੇਟਾਂ, ਜਾਂ ਮੌਤ ਲਈ ਤੁਹਾਡੇ ਖਿਲਾਫ਼ ਮੁਕੱਦਮਾ ਨਹੀਂ ਕੀਤਾ ਜਾ ਸਕੇਗਾ।

ਰੋਜ਼ਗਾਰ ਵਾਲੀ ਥਾਂ ਤੇ ਜ਼ਖਮੀ ਜਾਂ ਬਿਮਾਰ ਹੋਣ ਵਾਲੇ ਵਰਕਰਾਂ ਨੂੰ ਮੁਆਵਜ਼ਾ ਵਰਕਸੇਫ਼ਬੀ.ਸੀ. ਵੱਲੋਂ ਦਿੱਤਾ ਜਾਂਦਾ ਹੈ।

## ਰੋਜ਼ਗਾਰ-ਦਾਤਾਵਾਂ ਲਈ ਵਰਕਸੇਫ਼ਬੀ.ਸੀ. ਕੀ ਸਹੂਲਤਾਂ ਪੇਸ਼ ਕਰਦਾ ਹੈ?

- ਰੋਜ਼ਗਾਰਵਾਲੀ ਥਾਂ ਤੇ ਬੀਮਾ ਸੁਰੱਖਿਆ ਮੁਹੱਈਆ ਕਰਨ ਲਈ ਅਸੀਂ ਤੁਹਾਡਾ ਨਾਮ ਦਰਜ ਕਰਦੇ ਹਾਂ
- ਅਸੀਂ ਤੁਹਾਨੂੰ ਇਸ ਬਾਰੇ ਸਿੱਖਿਅਤ ਕਰਦੇ ਹਾਂ ਕਿ ਸੱਟਾਂ ਲੱਗਣ ਤੋਂ ਬਚਾਅ ਕਿਵੇਂ ਰੱਖਣਾ ਹੈ
- ਤੁਹਾਡੀ ਕੰਮ ਵਾਲੀ ਥਾਂ ਤੇ ਅਸੀਂ ਰੋਜ਼ਗਾਰ ਵਾਲੀ ਥਾਂ ਨਾਲ ਸੰਬੰਧਤ ਸਿਹਤ ਅਤੇ ਸੁਰੱਖਿਆਂ ਦੀਆਂ ਲੋੜਾਂ ਸਿਰਜਦੇ ਹਾਂ
- ਕਿਸੇ ਅਹਿਮ ਹਾਦਸੇ ਤੋਂ ਬਾਅਦ ਅਸੀਂ ਤੁਹਾਡੇ ਲਈ ਕੌਂਸਲਿੰਗ ਮੁਹੱਈਆ ਕਰਦੇ ਹਾਂ
- ਕੰਮਾਂ-ਕਾਰਾਂ ਤੇ ਸੱਟਾਂ ਅਤੇ ਬਿਮਾਰੀਆਂ ਦੀ ਰੋਕ-ਥਾਮ ਅਤੇ ਇਨ੍ਹਾਂ ਦੇ ਵਾਪਰਨ ਨੂੰ ਘਟਾਉਣ ਲਈ ਅਸੀਂ ਖੋਜ ਦੀ ਹਿਮਾਇਤ ਕਰਦੇ ਹਾਂ

## ਇੱਕ ਰੋਜ਼ਗਾਰ-ਦਾਤਾ ਦੇ ਤੌਰ ਤੇ ਮੇਰੀਆਂ ਕੀ ਜ਼ਿੰਮੇਵਾਰੀਆਂ ਹਨ?

ਸੱਟਾਂ ਅਤੇ ਬਿਮਾਰੀਆਂ ਰੋਕਣ ਲਈ ਤਹਾਡੀ ਕੰਮ ਵਾਲੀ ਥਾਂ ਤੇ ਸਿਹਤ ਅਤੇ ਸੁਰੱਖਿਆ ਦਾ ਕੋਈ ਪ੍ਰੋਗਰਾਮ ਲਾਜ਼ਮੀ ਲਾਗੂ ਹੋਣਾ ਚਾਹੀਦਾ ਹੈ। ਇਸ ਪ੍ਰੋਗਰਾਮ ਵਿੱਚ ਹੇਠ ਲਿਖੇ ਵਰਗੀਆਂ ਗੱਲਾਂ ਜ਼ਰੂਰ ਹੋਣੀਆਂ ਚਾਹੀਦੀਆਂ ਹਨ:

- ਕੰਮ ਕਰਨ ਦੇ ਸੁਰੱਖਿਅਤ ਤਰੀਕੇ
- ਐਮਰਜੈਂਸੀ ਵਿੱਚ ਕਾਰਵਾਈ ਕਰਨ ਦਾ ਜ਼ਾਬਤਾ
- ਵਰਕਰਾਂ ਲਈ ਵਿੱਦਿਆ ਅਤੇ ਸਿਖਲਾਈ
- ਖ਼ਤਰਿਆਂ ਨੂੰ ਪਛਾਣਨ, ਉਨ੍ਹਾ ਦਾ ਜਾਇਜ਼ਾ ਲੈਣ ਅਤੇ ਉਨ੍ਹਾਂ ਨੂੰ ਕਾਬੂ ਕਰਨ ਦਾ ਕੋਈ ਜ਼ਾਬਤਾ
- ਕੰਮ ਵਾਲੀ ਥਾਂ, ਸਾਜ਼ੋ-ਸਾਮਾਨ ਅਤੇ ਜ਼ਾਬਤਿਆਂ ਦੇ ਬਾਕਾਇਦਾ ਮੁਆਇਨੇ
- ਵਾਕਿਆਂ ਦੀ ਵਜ੍ਹਾ ਤੈਅ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਹਾਦਸੇ ਵਾਪਰਨੋ ਰੋਕਣ ਲਈ ਘਟਨਾਵਾਂ ਦੀ ਤਫ਼ਤੀਸ਼
- ਵਰਕਰਾਂ ਲਈ ਸਿਹਤ ਅਤੇ ਸੁਰੱਖਿਆ ਨਾਲ ਸੰਬੰਧਤ ਬਾਕਾਇਦਾ ਮੀਟਿੰਗਾਂ

## ਕੀ ਹੋਵੇਗਾ ਜੇ ਕੰਮ ਵਾਲੀ ਥਾਂ ਤੇ ਕੋਈ ਹਾਦਸਾ ਵਾਪਰ ਜਾਵੇ?

ਜੇ ਤੁਹਾਡੇ ਕੰਮ ਵਾਲੀ ਥਾਂ ਤੇ ਕੋਈ ਹਾਦਸਾ ਜਾਂ ਕੋਈ ਹੋਰ ਘਟਨਾ ਵਾਪਰ ਜਾਵੇ, ਇਹ ਗੱਲ ਪੱਕੀ ਕਰੋ ਕਿ ਵਰਕਰ ਨੂੰ "ਮੁਢਲੀ ਸਹਾਇਤਾ" ਮਿਲੇ ਜਾਂ ਉਸ ਦਾ ਤੁਰੰਤ ਡਾਕਟਰੀ ਇਲਾਜ ਹੋਵੇ। ਹੇਠ ਲਿਖੀਆਂ ਘਟਨਾਵਾਂ ਦੀ ਇਤਲਾਹ ਵਰਕਸੇਫ਼ਬੀ.ਸੀ. ਨੂੰ ਦੇਣਾ ਲਾਜ਼ਮੀ ਹੈ:

- ਮੌਤ
- ਗੰਭੀਰ ਸੱਟ
- ਖ਼ਤਰਨਾਕ ਪਦਾਰਥਾਂ ਦੇ ਡੁੱਲ੍ਹ ਜਾਣ ਦੀ ਵੱਡੀ ਘਟਨਾ
- ਕਿਸੇ ਢਾਂਚੇ ਦੇ ਢਹਿ ਜਾਣ ਦੀ ਵੱਡੀ ਘਟਨਾ
- ਕਿਸੇ ਇਮਾਰਤ, ਪੁਲ਼, ਮਿਨਾਰ, ਕਰੇਨ, ਉੱਚਾ ਚੁੱਕਣ ਵਾਲੀ ਕਿਸੇ ਮਸ਼ੀਨ (ਹੁਆਇਸਟ), ਉਸਾਰੀ ਵੇਲ਼ੇ ਸਹਾਰਾ ਦੇਣ ਵਾਲੇ ਆਰਜ਼ੀ ਸਹਾਰੇ, ਜਾਂ ਖੁਦਾਈ ਦਾ ਢਹਿ ਜਾਣਾ
- ਵਿਸਫ਼ੋਟ ਵਾਲ਼ੀ ਕੋਈ ਘਟਨਾ ਜੋ ਕਿਸੇ ਸੱਟ ਦੀ ਵਜ੍ਹਾ ਬਣੇ
- ਬਾਰੂਦ ਦੀ ਸ਼ਮੂਲੀਅਤ ਵਾਲ਼ੀ ਕੋਈ ਖ਼ਤਰਨਾਕ ਘਟਨਾ

WORKSAFEBC
WORKING TO MAKE A DIFFERENCE

ਰੋਜ਼ਗਾਰ ਵਾਲੀ ਜਗ੍ਹਾ ਵਾਪਰੇ ਕਿਸੇ ਹਾਦਸੇ ਦੀ ਇਤਲਾਹ ਦੇਣ ਲਈ ਇਸ ਨੰਬਰ ਤੇ ਫ਼ੋਨ ਕਰੋ: 1 888 621-**SAFE** (621-7233)। ਕਾਰੋਬਾਰੀ ਸਮੇਂ ਤੋਂ ਬਾਅਦ: 1 866 922-4357 (**WCB-HELP**)। ਬੀ.ਸੀ. ਵਿੱਚ ਦੋਵੇਂ ਨੰਬਰ ਟੌਲ-ਫ੍ਰੀ ਹਨ। ਲੋੜ ਪੈਣ ਤੇ ਕਿਸੇ ਤਰਜਮਾਕਾਰ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ।

**ਕਿਸੇ ਘਟਨਾ ਦੀ ਤਫ਼ਤੀਸ਼ ਦਾ ਕੀ ਮਤਲਬ ਹੁੰਦਾ ਹੈ?**
ਭਾਵੇਂ ਕਿਸੇ ਘਟਨਾ ਵਿੱਚ ਕੋਈ ਗੰਭੀਰ ਸੱਟ-ਫੇਟ ਨਾ ਵੀ ਲੱਗੇ, ਤੁਹਾਨੂੰ ਫਿਰ ਵੀ ਹਾਦਸੇ ਦੀ ਤਫ਼ਤੀਸ਼ ਕਰਨੀ ਪੈ ਸਕਦੀ ਹੈ।

ਵਰਕਸੇਫ਼ਬੀ.ਸੀ. ਕੋਲ ਕੋਈ ਕਲੇਮ ਦਾਇਰ ਕਰਨ ਦਾ ਮਤਲਬ ਇਹ **ਨਹੀਂ** ਹੁੰਦਾ ਕਿ ਕਿਸੇ ਘਟਨਾ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ। ਤਫ਼ਤੀਸ਼ ਵਿੱਚ ਇਹ ਪਤਾ ਲਾਇਆ ਜਾਂਦਾ ਹੈ ਕਿ ਕੋਈ ਘਟਨਾ **ਕਿਉਂ** ਹੋਈ ਤਾਂ ਜੋ ਇਹ ਫਿਰ ਦੁਬਾਰਾ ਨਾ ਵਾਪਰੇ।

ਤੁਹਾਨੂੰ ਹੇਠ ਲਿਖੀਆਂ ਗੱਲਾਂ ਦੀ ਤਫਤੀਸ਼ ਅਤੇ ਇਨ੍ਹਾਂ ਦਾ ਕਾਗਜ਼ੀ ਰਿਕਾਰਡ ਲਾਜ਼ਮੀ ਰੱਖਣਾ ਪੈਂਦਾ ਹੈ:
- ਗੰਭਰੀ ਘਟਨਾਵਾਂ
- ਡਾਕਟਰੀ ਮਦਦ ਦੀ ਲੋੜ ਵਾਲੀਆਂ ਸੱਟਾਂ ਦਾ ਕਾਰਣ ਬਣਨ ਵਾਲੀਆਂ ਘਟਨਾਵਾਂ
- ਇਸ ਤਰ੍ਹਾਂ ਦੀਆਂ ਘਟਨਾਵਾਂ ਜਿਨ੍ਹਾਂ ਦੇ ਨਤੀਜੇ ਵਜੋਂ ਗੰਭੀਰ ਸੱਟਾਂ ਲੱਗ ਸਕਣ ("ਵਾਲ-ਵਾਲ ਬਚਣਾ")

ਤਫ਼ਤੀਸ਼ ਵਿੱਚ ਇਨ੍ਹਾਂ ਗੱਲਾਂ ਤੇ ਧਿਆਨ ਦਿਉ:
- ਹਾਦਸਾ ਕਿਉਂ ਹੋਇਆ?
- ਹਾਦਸੇ ਵਿੱਚ ਕਿਹੜੇ-ਕਿਹੜੇ ਤੱਤਾਂ ਦਾ ਯੋਗਦਾਨ ਰਿਹਾ?
- ਇਸ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਕੀ ਕੀਤਾ ਜਾ ਸਕਦਾ ਹੈ?

ਤਫ਼ਤੀਸ਼ ਤੋਂ ਬਾਅਦ, ਤੁਹਾਨੂੰ ਘਟਨਾ ਦੀ ਇੱਕ ਤਫ਼ਤੀਸ਼ੀ ਰਿਪੋਰਟ ਭਰ ਕੇ ਲਾਜ਼ਮੀ ਤੌਰ 'ਤੇ ਉਸ ਦੀਆਂ ਨਕਲਾਂ ਹੇਠ ਲਿਖਿਆਂ ਨੂੰ ਭੇਜਣੀਆਂ ਪੈਂਦੀਆਂ ਹਨ:
- ਵਰਕਸੇਫ਼ਬੀ.ਸੀ. ਦੇ ਤੁਹਾਡੇ ਸਥਾਨਕ ਦਫ਼ਤਰ ਨੂੰ
- ਤੁਹਾਡੇ ਕੰਮ ਵਾਲੀ ਥਾਂ ਤੇ ਵਰਕਰਾਂ ਦੀ ਸਿਹਤ ਅਤੇ ਸੁਰੱਖਿਆ ਲਈ ਜ਼ਿੰਮੇਵਾਰ ਵਿਅਕਤੀ/ ਵਿਅਕਤੀਆਂ ਨੂੰ

***ਹੇਠ ਲਿਖਿਆਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ...***
- *ਘਟਨਾਵਾਂ ਦੀ ਤਫ਼ਤੀਸ਼:* Investigation of Accidents & Diseases (ਅੰਗਰੇਜ਼ੀ ਵਿੱਚ ਪੀ.ਡੀ.ਐੱਫ. ਫਾਈਲ ਮੁਫ਼ਤ ਡਾਊਨਲੋਡ ਕਰੋ)

**ਵਰਕਸੇਫ਼ਬੀ.ਸੀ. ਕੋਲ ਸੱਟ ਲੱਗਣ ਦਾ ਕਲੇਮ ਕਿਸ ਨੂੰ ਕਹਿੰਦੇ ਹਨ?**
ਹੇਠ ਲਿਖੀਆਂ ਘਟਨਾਵਾਂ, ਜਿਨ੍ਹਾਂ ਨਾਲ ਕੋਈ ਵਰਕਸੇਫ਼ਬੀ.ਸੀ. ਕਲੇਮ ਸ਼ੁਰੂ ਹੋ ਸਕੇ, ਦੀ ਇਤਲਾਹ ਤੁਹਾਨੂੰ **ਤਿੰਨ ਦਿਨਾਂ** ਦੇ ਵਿੱਚ-ਵਿੱਚ ਵਰਕਸੇਫ਼ਬੀ.ਸੀ. ਨੂੰ ਲਾਜ਼ਮੀ ਦੇਣੀ ਪੈਂਦੀ ਹੈ:
- ਕਿਸੇ ਵਰਕਰ ਨੂੰ ਸੱਟ ਲੱਗੇ ਅਤੇ ਉਹ ਬੇਹੋਸ਼ ਹੋ ਜਾਏ
- ਕਿਸੇ ਵਰਕਰ ਨੂੰ ਮੁਢਲੀ ਸਹਾਇਤਾ ਦੇਣ ਵਾਲਾ ਵਿਅਕਤੀ ਜਾਂ ਸੁਪਰਵਾਈਜ਼ਰ ਡਾਕਟਰੀ ਇਲਾਜ ਲਈ ਭੇਜ ਦੇਵੇ
- ਕਿਸੇ ਵਰਕਰ ਨੂੰ ਅਜਿਹੀ ਸੱਟ ਜਾਂ ਬਿਮਾਰੀ ਹੋਵੇ ਜਿਸ ਵਾਸਤੇ ਉਸ ਨੂੰ ਡਾਕਟਰੀ ਇਲਾਜ ਕਰਾਉਣਾ ਪਵੇ
- ਕੋਈ ਵਰਕਰ ਕਹੇ ਕਿ ਕਿਸੇ ਸੱਟ ਜਾਂ ਬਿਮਾਰੀ ਲਈ ਵਾਸਤੇ ਉਸ ਨੇ ਡਾਕਟਰੀ ਇਲਾਜ ਕਰਾਉਣਾ ਹੈ ਜਾਂ ਪਹਿਲਾਂ ਹੀ ਉਸ ਦਾ ਡਾਕਟਰੀ ਇਲਾਜ ਹੋ ਚੁੱਕਾ ਹੈ
- ਕੋਈ ਵਰਕਰ ਕਹਿੰਦਾ ਹੈ (ਜਾਂ ਦਾਅਵਾ ਕਰਦਾ ਹੈ) ਕਿ ਕਿਸੇ ਸੱਟ ਜਾਂ ਬਿਮਾਰੀ ਕਾਰਣ ਉਹ ਆਪਣਾ ਕੰਮ ਨਹੀਂ ਕਰ ਸਕਦਾ
- ਕਿਸੇ ਹਾਦਸੇ ਵਿੱਚ ਕੋਈ ਬਣਾਉਟੀ ਅੰਗ, ਚਸ਼ਮੇ, ਨਕਲੀ ਦੰਦ ਜਾਂ ਸੁਣਨ ਵਾਲੀ ਮਸ਼ੀਨ ਟੁੱਟ ਜਾਂਦੀ ਹੈ

***ਹੇਠ ਲਿਖਿਆਂ ਗੱਲਾਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ...***
- *ਕਿਸੇ ਸੱਟ ਦੀ ਇਤਲਾਹ ਦੇਣੀ:* WorkSafeBC.com > Claims > Report an injury or illness > FAQs (ਅੰਗਰੇਜ਼ੀ ਵਿੱਚ)

**ਮੈਂ ਵਰਕਸੇਫ਼ਬੀ.ਸੀ. ਕੋਲ ਫਾਰਮ ਕਿਵੇਂ ਦਾਇਰ ਕਰਾਂ?**
ਇੱਕ ਵਾਰੀ ਤੁਹਾਨੂੰ ਰੋਜ਼ਗਾਰ ਵਾਲੀ ਜਗ੍ਹਾ ਸੱਟ ਲੱਗ ਜਾਵੇ ਤਾਂ ਤੁਹਾਨੂੰ ਵਰਕਸੇਫ਼ਬੀ.ਸੀ. ਕੋਲ ਦੋ ਫ਼ਾਰਮ ਦਾਇਰ ਕਰਨੇ ਪੈਣਗੇ:

- ਫ਼ਾਰਮ 7: ਐਮਪਲਾਇਰਜ਼ ਰਿਪੋਰਟ ਆਫ਼ ਇੰਜਰੀ ਔਰ ਔਕੂਪੇਸ਼ਨਲ ਡਿਜ਼ੀਜ਼ (ਅੰਗਰੇਜ਼ੀ ਵਿੱਚ)

WORKING TO MAKE A DIFFERENCE

- ਫ਼ਾਰਮ 52ਈ40: ਇੰਸੀਡੈਂਟ ਇਨਵੈਸਟੀਗੇਸ਼ਨ ਰਿਪੋਰਟ (ਅੰਗਰੇਜ਼ੀ ਵਿੱਚ)

ਤੁਸੀਂ ਹੇਠਾਂ ਦੱਸੇ ਤਰੀਕੇ ਨਾਲ ਫ਼ਾਰਮ ਹਾਸਲ ਕਰ ਸਕਦੇ ਅਤੇ ਦਾਇਰ ਕਰ ਸਕਦੇ ਹੋ:

- **ਫ਼ਾਰਮਾਂ ਦੀਆਂ ਨਕਲਾਂ:** ਕਲੇਮਜ਼ ਕਾਲ ਸੈਂਟਰ ਨੂੰ 604 231-8888 ਜਾਂ 1 888 967-5377 ਨੰਬਰਾਂ 'ਤੇ ਫ਼ੋਨ ਕਰੋ (ਲੋੜ ਪੈਣ ਤੇ ਇੰਟਰਪ੍ਰੈਟਰ ਬੁਲਾਇਆ ਜਾ ਸਕਦਾ ਹੈ), ਜਾਂ WorkSafeBC.com > Forms (ਅੰਗਰੇਜ਼ੀ ਵਿੱਚ) ਵੈੱਬਸਾਈਟ ਤੋਂ ਫ਼ਾਰਮ ਡਾਊਨਲੋਡ ਕਰ ਲਵੋ।
- **ਫੈਕਸ ਜਾਂ ਈ-ਮੇਲ ਰਾਹੀਂ:** ਫ਼ਾਰਮ ਉੱਤੇ ਲਿਖਿਆ ਫੈਕਸ ਨੰਬਰ ਜਾਂ ਡਾਕ ਦਾ ਪਤਾ ਵਰਤੋ
- **ਆਨਲਾਈਨ:** ਇੰਟਰਨੈੱਟ ਤੇ ਸਾਡੀ Incident and Injury Report (ਅੰਗਰੇਜ਼ੀ ਵਿੱਚ) ਵਰਤੋ
-

**ਕਲੇਮਾਂ ਬਾਰੇ ਫੈਸਲੇ ਕਿਵੇਂ ਕੀਤੇ ਜਾਂਦੇ ਹਨ?**

ਜਦੋਂ ਕੋਈ ਵਰਕਰ ਕੋਈ ਕਲੇਮ ਦਾਇਰ ਕਰਦਾ ਹੈ, ਅਸੀਂ ਫੈਸਲਾ ਕਰਦੇ ਹਾਂ ਕਿ ਇਸ ਨੂੰ ਮਨਜ਼ੂਰ ਕਰਨਾ ਹੈ ਕਿ ਨਹੀਂ। ਜੇ ਇਹ ਮਨਜ਼ੂਰ ਕਰ ਲਿਆ ਜਾਵੇ, ਅਸੀਂ ਇਸ ਲਈ ਅਦਾ ਕੀਤੇ ਜਾਣ ਵਾਲੇ ਧਨ ਦੀ ਦਰ ਅਤੇ ਭੱਤੇ ਦਿੱਤੇ ਜਾਣ ਦੀ ਮਿਆਦ ਬਾਰੇ ਹੋਰ ਫੈਸਲੇ ਕਰਦੇ ਹਾਂ। ਜੇ ਤੁਸੀਂ ਕਿਸੇ ਫੈਸਲੇ ਨਾਲ ਸਹਿਮਤ ਨਾ ਹੋਵੋਂ, ਤੁਹਾਨੂੰ ਇਸ ਫ਼ੈਸਲੇ ਖਿਲਾਫ਼ ਕਾਰਵਾਈ ਕਰਨ ਦਾ ਹੱਕ ਹੈ।

ਜੇ ਤੁਹਾਨੂੰ ਕਿਸੇ ਕਲੇਮ ਬਾਰੇ ਕੀਤੇ ਫ਼ੈਸਲੇ ਦੀ ਸਮਝ ਨਾ ਲੱਗੇ, ਆਪਣੇ ਫ਼ੈਸਲੇ ਲਈ ਜ਼ਿੰਮੇਵਾਰ ਵਰਕਸੇਫ਼ਬੀ.ਸੀ. ਦੇ ਅਫ਼ਸਰ ਨੂੰ ਆਖੋ ਕਿ ਉਹ ਤੁਹਾਨੂੰ ਇਸ ਬਾਰੇ ਸਮਝਾਵੇ। ਜੇ ਫੇਰ ਵੀ ਤੁਹਾਨੂੰ ਹੋਰ ਮਦਦ ਦੀ ਲੋੜ ਹੋਵੇ, ਤੁਸੀਂ ਲਿਖਤੀ ਫੈਸਲਾ ਲੈ ਸਕਦੇ ਹੋ।

***ਹੇਠ ਲਿਖੀਆਂ ਗੱਲਾਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ...***

- *ਕਲੇਮ:* WorkSafeBC.com > Help > Frequently asked questions > Claims > Claims information for employers (ਅੰਗਰੇਜ਼ੀ ਵਿੱਚ)
- *ਕਲੇਮਾਂ ਦੀ ਕਾਰਵਾਈ:* WorkSafeBC.com > Claims > Claims process (ਅੰਗਰੇਜ਼ੀ ਵਿੱਚ)
-

**ਜਾਇਜ਼ਾ ਲਾਉਣ ਬਾਰੇ ਫੈਸਲੇ**

ਜਾਇਜ਼ਾ ਲਾਉਣ ਵਾਲਾ ਸਾਡਾ ਮਹਿਕਮਾ ਹੇਠ ਲਿਖੀਆਂ ਮੱਦਾਂ ਬਾਰੇ ਫ਼ੈਸਲੇ ਕਰਦਾ ਹੈ:

- ਵਰਕਸੇਫ਼ਬੀ.ਸੀ. ਨਾਲ ਨਾਮ ਦਰਜ ਕਰਾਉਣ ਕਿਸ ਵਿਅਕਤੀ ਲਈ ਲਾਜ਼ਮੀ ਹੈ
- ਰੋਜ਼ਗਾਰ-ਦਾਤਾਵਾਂ ਦੇ ਵਰਗੀਕਰਣ ਦੇ ਯੂਨਿਟ
- ਦੇਰੀ ਨਾਲ ਅਦਾਇਗੀ ਕੀਤੇ ਜਾਣ/ ਤਨਖ਼ਾਹ ਦੇ ਰਜਿਸਟਰ ਦੀਆਂ ਰਿਪੋਰਟਾਂ ਸੰਬੰਧੀ ਸਜ਼ਾਵਾਂ
- ਰੋਜ਼ਗਾਰ-ਦਾਤਾ ਦੇ ਤਨਖ਼ਾਹ ਨਾਲ ਸੰਬੰਧਤ ਅੰਦਾਜ਼ੇ (ਜਦੋਂ ਰਿਪੋਰਟਾਂ ਦਾਇਰ ਨਾ ਕੀਤੀਆਂ ਜਾਣ)

ਜੇ ਆਪਣੇ ਕਾਰੋਬਾਰ ਨਾਲ ਸੰਬੰਧਤ ਜਾਇਜ਼ਾ ਲੈਣ ਦੇ ਕਿਸੇ ਫ਼ੈਸਲੇ ਨਾਲ ਤੁਸੀਂ ਸਹਿਮਤ ਨਾ ਹੋਵੋਂ ਜਾਂ ਇਸ ਸੰਬੰਧੀ ਤੁਸੀਂ ਕੋਈ ਸਵਾਲ ਪੁੱਛਣੇ ਹੋਣ ਤਾਂ ਐਮਪਲਾਇਰ ਸਰਵਿਸ ਸੈਂਟਰ ਨੂੰ 604 244-6181 ਜਾਂ 1 888 922-2768 ਤੇ ਫ਼ੋਨ ਕਰੋ। ਲੋੜ ਪੈਣ ਤੇ ਕਿਸੇ ਤਰਜਮਾਕਾਰ ਨੂੰ ਬੁਲਾਇਆ ਜਾ ਸਕਦਾ ਹੈ।

**ਵਰਕਸੇਫ਼ਬੀ.ਸੀ. ਦਾ ਦਫ਼ਤਰ ਕਿੱਥੇ ਹੈ?**

- ਸਾਡੇ ਸਾਰੇ ਦਫ਼ਤਰਾਂ ਬਾਰੇ ਇੰਟਰਨੈੱਟ ਤੇ ਜਾਣਕਾਰੀ WorkSafeBC.com > Contact Us (ਅੰਗਰੇਜ਼ੀ ਵਿੱਚ) ਤੇ ਮਿਲ ਸਕਦੀ ਹੈ।

WORKING TO MAKE A DIFFERENCE